ਪੰਜਾਬ ਸਰਕਾਰ
ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ
(ਗ੍ਰਹਿ-3 ਸ਼ਾਖਾ)

ਸੇਵਾ ਵਿਖੇ,

ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ।

ਮੀਮੋ ਨੰ: 7/315/2012-(5ਗ੍ਰ3)6ਗ੍ਰ3/2248
ਮਿਤੀ, ਚੰਡੀਗੜ੍ਹ: 27/5/18

ਵਿਸ਼ਾ:- **ਸਪੋਰਟਸ ਪਾਲਿਸੀ 2018 ਅੰਤਿਮ ਕਰਨ ਸਬੰਧੀ।**

****

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਵਿਸ਼ੇ ਅੰਕਿਤ ਮਾਮਲੇ ਸਬੰਧੀ ਆਪ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਗ੍ਰਹਿ ਵਿਭਾਗ ਵੱਲੋਂ ਸਪੋਰਟਸ ਪਾਲਿਸੀ 2013 ਵਿੱਚ ਕੋਚਾਂ ਨੂੰ ਭਰਤੀ/ਪਦਉਨਤੀ ਸਬੰਧੀ ਉਪਬੰਧ ਕਰਨ ਲਈ ਕੇਸ ਅਤੇ ਨਿਯਮਾਂ ਦਾ ਖਰੜਾ ਵੱਖ ਵੱਖ ਵਿਭਾਗਾਂ ਨਾਲ ਵਿਚਾਰਨ ਉਪਰੰਤ ਮੰਤਰੀ ਮੰਡਲ ਦੀ ਪ੍ਰਵਾਨਗੀ ਹਾਸਲ ਕਰਨ ਲਈ ਮੈਮੋਰੰਡਮ ਦਾ ਖਰੜਾ ਤਿਆਰ ਕਰਕੇ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਨੂੰ ਪ੍ਰਵਾਨ ਕਰਨ ਅਤੇ ਮੰਤਰੀ ਮੰਡਲ ਵਿੱਚ ਪੇਸ਼ ਕਰਨ ਲਈ ਭੇਜਿਆ ਗਿਆ ਸੀ। ਜਿਸ ਤੇ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਵੱਲੋਂ ਹੇਠ ਲਿਖੇ ਅਨੁਸਾਰ ਆਦੇਸ਼ ਦਿੱਤੇ ਗਏ ਹਨ:

> *After careful perusal of the proposal of the Department of Home, it is felt that a coherent policy for recruitment of sports persons in various government departments/ organisations need to be worked out either by the Department of Sports or by the Department of Personnel. Separate policy/rules of individual departments may result in incoherent and inconsistent outcomes in recruitments of sports persons at different levels.*
>
> *2.0 CS may, therefore, take a meeting of the concerned departments and submit a proposal, clearly giving the policy of the Government for recruitment of sports persons by various government departments/ organisations.*

3. ਉਕਤ ਆਦੇਸ਼ਾਂ ਦੇ ਸਨਮੁੱਖ ਮਿਸਲ ਮੁੱਖ ਸਕੱਤਰ ਪੰਜਾਬ ਜੀ ਵੱਲੋਂ ਪ੍ਰਸੋਨਲ ਵਿਭਾਗ ਨੂੰ ਭੇਜੀ ਗਈ ਸੀ ਜਿਸ ਸਬੰਧੀ ਉਨ੍ਹਾਂ ਵੱਲੋਂ ਐਲੋਕੇਸ਼ਨ ਆਫ ਬਿਜ਼ਨਸ ਰੂਲਜ਼ ਦੇ ਸੀਰੀਅਲ ਨੰ: 41 ਤੇ

P.T.O.

ਦਰਜ ਉਪਬੰਧਾਂ ਦਾ ਹਵਾਲਾ ਦਿੰਦੇ ਹੋਏ, ਸਪੋਰਟਸ ਪਾਲਿਸੀ ਦਾ ਮੁੱਦਾ ਖੇਡਾਂ ਅਤੇ ਯੁਵਕ ਸੇਵਾਵਾਂ ਨਾਲ ਸਬੰਧਤ ਦੱਸਿਆ ਗਿਆ। ਇਸ ਉਪਰੰਤ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਵੱਲੋਂ ਇਸ ਵਿਭਾਗ ਨੂੰ ਸਪੋਰਟਸ ਵਿਭਾਗ ਦੀ ਟਿਪਣੀ ਸਾਰੇ ਸਬੰਧਤ ਵਿਭਾਗਾਂ ਨੂੰ ਭੇਜ ਕਿ ਮੀਟਿੰਗ ਕਾਲ ਕਰਨ ਲਈ ਏਜੰਡਾ ਗ੍ਰਹਿ ਵਿਭਾਗ ਨੂੰ ਤਿਆਰ ਕਰਨ ਦੇ ਆਦੇਸ਼ ਦਿੱਤੇ।

4. ਖੇਡਾਂ ਅਤੇ ਯੁਵਕ ਸੇਵਾਵਾਂ ਵਿਭਾਗ ਵੱਲੋਂ ਪ੍ਰਾਪਤ ਹੋਈ ਟਿਪਣੀ/ਰਿਪੋਰਟ ਦੀ ਕਾਪੀ ਨੱਥੀ ਕਰਕੇ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਸਪਸ਼ਟ ਕੀਤਾ ਜਾਵੇ ਕਿ ਆਪ ਦੇ ਵਿਭਾਗ ਵੱਲੋਂ ਖਿਡਾਰੀਆਂ ਨੂੰ ਸਪੋਰਟਸ ਕੋਟੇ ਵਿੱਚ ਭਰਤੀ ਕਰਨ ਅਤੇ ਪੱਦਉਨਤੀ ਸਬੰਧੀ ਕਿਹੜੇ ਮਾਪਦੰਡ ਅਪਣਾਏ ਜਾਂਦੇ ਰਹੇ ਹਨ ਉਨ੍ਹਾਂ ਦਾ ਸੰਖੇਪ ਨੋਟ ਤਿਆਰ ਕਰਕੇ ਇਸ ਵਿਭਾਗ ਨੂੰ ਭਿਜਵਾਉਂਦੇ ਹੋਏ ਜਿਹੜੀ ਸਪੋਰਟਸ ਪਾਲਿਸੀ ਅਤੇ ਰੂਲ ਅਮਲ ਵਿੱਚ ਲਿਆਂਦੇ ਜਾਂਦੇ ਹਨ ਉਨ੍ਹਾਂ ਦੀਆਂ ਕਾਪੀਆਂ ਅਤੇ ਰਿਪੋਰਟ ਇਸ ਵਿਭਾਗ ਨੂੰ ਮਿਤੀ 02.05.2018 ਤੱਕ ਹਰ ਹਾਲਤ ਵਿੱਚ ਭਿਜਵਾਉਣ ਦੀ ਖੇਚਲ ਕੀਤੀ ਜਾਵੇ ਤਾਂ ਜੋ ਉਨ੍ਹਾਂ ਨੂੰ ਘੋਖਣ ਉਪਰੰਤ ਵਿਸਤ੍ਰਿਤ ਏਜੰਡਾ ਤਿਆਰ ਕਰਕੇ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਵਾਨਗੀ ਲਈ ਭੇਜਦੇ ਹੋਏ ਉਨ੍ਹਾਂ ਤੋਂ ਮੀਟਿੰਗ ਲਈ ਉਨ੍ਹਾਂ ਦੀ ਸੁਵਿਧਾ ਅਨੁਸਾਰ ਉਨ੍ਹਾਂ ਤੋਂ ਮਿਤੀ ਅਤੇ ਸਮਾਂ ਲਿਆ ਜਾ ਸਕੇ।

5. ਇਸ ਮਾਮਲੇ ਨੂੰ ਪਹਿਲ ਦੇ ਆਧਾਰ ਤੇ ਲਿਆ ਜਾਵੇ।

ਸੁਪਰਡੰਟ

ਕਾਪੀ:-

ਨਿ:ਸੰ:/ਵ:ਮੁੰ:ਸ:ਗ੍ਰਹਿ

ਪਿੱਠ ਅੰਕਣ ਨੰ: 7260-7339 / 10-1720 ਅ3(1) ਮਿਤੀ, ਮੋਹਾਲੀ: 10/5/18

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਪੀ. ਏ. ਟੂ. ਡੀ.ਏ. ਨੂੰ ਮਾਨਯੋਗ ਡਾਇਰੈਕਟਰ ਖੇਤੀਬਾੜੀ , ਪੰਜਾਬ ਜੀ ਦੀ ਸੂਚਨਾ ਹਿੱਤ ।
2. ਡਾਇਰੈਕਟਰ ਪੰਜਾਬ ਸਟੇਟ ਸੀਡ ਸਰਟੀਫਿਕੇਸ਼ਨ ਅਥਾਰਟੀ, ਖੇਤੀ ਭਵਨ ਫੇਸ-6, ਐਸ.ਏ.ਐਸ.ਨਗਰ ।
3. ਮੈਨੇਜਿੰਗ ਡਾਇਰੈਕਟਰ ਪਨਸੀਡ, ਪੰਜਾਬ, ਖੇਤੀ ਭਵਨ ਫੇਸ-6, ਐਸ.ਏ.ਐਸ.ਨਗਰ ।
4. ਸਾਰੇ ਮੁੱਖ ਖੇਤੀਬਾੜੀ ਅਫਸਰ, ਆਪਣੇ ਜ਼ਿਲ੍ਹੇ ਵਿਚ ਪੈਂਦੇ ਸਾਰੇ ਅਧੀਨ ਦਫਤਰਾਂ ਨੂੰ ਵੀ ਸੂਚਿਤ ਕਰ ਦਿੱਤਾ ਜਾਵੇ।
5. ਰਾਜ ਪੱਧਰ ਦੇ ਸਾਰੇ ਅਫਸਰ ।
6. ਮੁੱਖ ਦਫਤਰ ਦੇ ਸਾਰੇ ਅਫਸਰ ਸਾਹਿਬਾਨ, ਸਾਰੀਆਂ ਸ਼ਾਖਾਵਾਂ ਦੇ ਮੁੱਖੀ, ਸੁਪਰਡੰਟ ਅਮਲਾ-1, 2 ਅਤੇ 3.

10/5/18

ਸੁਪਰਡੰਟ ਅਮਲਾ-3

ਡਾਇਰੈਕਟਰ ਖੇਤੀਬਾੜੀ ਅਤੇ

ਕਿਸਾਨ ਭਲਾਈ ਵਿਭਾਗ, ਪੰਜਾਬ।

ਵੱਲੋਂ,

ਡਾਇਰੈਕਟਰ ਸਪੋਰਟਸ, ਪੰਜਾਬ,
ਚੰਡੀਗੜ੍ਹ।

ਸੇਵਾ ਵਿਖੇ,

ਸਕੱਤਰ ਪੰਜਾਬ ਸਰਕਾਰ,
ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ,
(ਗ੍ਰਹਿ -3 ਸ਼ਾਖਾ)।

ਪੱਤਰ ਨੰ:ਸਪੋਰਟਸ-ਏਡੀਐਸ-ਜੇਏ7-17/355
ਮਿਤੀ: 05/01/2018

ਵਿਸ਼ਾ:- <u>ਮੀਟਿੰਗ ਮਿਤੀ 22-12-2017 ਸਵੇਰੇ 11:30 ਵਜੇ ਮਾਨਯੋਗ ਵਧੀਕ ਮੁੱਖ ਸਕੱਤਰ, ਗ੍ਰਹਿ ਜੀ ਦੀ ਪ੍ਰਧਾਨਗੀ ਹੇਠ ਬਾਬਤ ਸਪੋਰਟਸ ਪਾਲਿਸੀ ਮਿਤੀ 15-10-2013 ਵਿੱਚ ਨਿਰਧਾਰਤ 5% ਕੋਟੇ ਵਿੱਚ ਸਪੋਰਟਸ ਪਰਸਨ ਦੇ ਨਾਲ-ਨਾਲ ਸਪੋਰਟਸ ਕੋਚਾਂ ਨੂੰ ਵੀ ਸਪੋਰਟਸ ਪਰਸਨਜ ਮੰਨਦੇ ਹੋਏ ਪਾਲਿਸੀ ਵਿੱਚ ਸ਼ਾਮਿਲ ਕਰਨ ਸਬੰਧੀ ।</u>

ਉਪਰੋਕਤ ਵਿਸ਼ੇ ਤੇ ਸਬੰਧ ਵਿੱਚ ਆਪ ਦੇ ਮੀਮੋ ਨੰ: 7/315/12-5ਗ੍ਰ3/04, ਮਿਤੀ 01-01-2018 ਦੇ ਹਵਾਲੇ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਹਵਾਲਾ ਅਧੀਨ ਪੱਤਰ ਰਾਹੀਂ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਦੀ ਮੌਜੂਦਾ ਸਪੋਰਟਸ ਪਾਲਿਸੀ ਦੇ ਸਪੋਰਟਸ ਕੋਟੇ ਵਿੱਚ ਕੋਚਿਜ ਨੂੰ ਸ਼ਾਮਿਲ ਕਰਨ ਬਾਰੇ ਮਿਤੀ 26-12-2017 ਨੂੰ ਪਾਲਿਸੀ ਦਾ ਸੋਧਿਆ ਖਰੜਾ ਸਬੰਧੀ ਇਸ ਵਿਭਾਗ ਦੀ ਟਿੱਪਣੀ ਹੇਠ ਲਿਖੇ ਅਨੁਸਾਰ ਹੈ:-

<u>ਡਰਾਫਟ ਦਾ ਨੁਕਤਾ ਨੰ: 5 :-</u>

**<u>Recruitment of Constables and Sub Inspectors:-</u>**

The general recruitment of Constables and Sub Inspectors will be governed as per the Standing Orders issued by the Director General of Police from time to time underthe Punjab Police Act, 2007 and Punjab Police Rules,1934. **<u>However, if a sportsperson not already serving with Punjab Police, but otherwise eligible to be recruited as Constable fetches the medals as prescribed under rule 12 (b) he/she shall be eligible for special direct recruitment as Sub-Inspector with the prior approval of the Minister-in-charge.</u>**

<u>ਡਰਾਫਟ ਦਾ ਨੁਕਤਾ ਨੰ: 12 (B) :-</u>

**<u>Re-induction as DSP and SI after tendering resignation from the lower level posts and in Certain cases:-</u>**

Similarly, if a sportsperson of Punjab Police wins:

(i) Silver or Bronze Medal in Common Wealth Games.

or

(ii) Gold or Silver Medal in the following events conducted by recognized international organizations:-

a. World Championship or
b. Asian Championship or,
c. Commonwealth Championship.

He/She shall be eligible to be directly re-inducted as Sub-Inspector, subject to the availability of vacancy.

ਉਪਰੋਕਤ ਦਰਸਾਏ ਅਨੁਸਾਰ ਡਰਾਫਟ ਦੇ ਨੁਕਤਾ ਨੰ: 5 ਵਿੱਚ ਅੰਡਰ ਲਾਈਨ ਕੀਤੀਆਂ ਲਾਈਨਾਂ ਮੁਤਾਬਿਕ ਲੜੀ ਨੰ: 12 (ਬੀ) ਆਪਸ ਵਿੱਚ Contradictory ਲਗਦੇ ਹਨ। ਇਸ ਤੋਂ ਇਲਾਵਾ ਬਾਕੀ ਨੁਕਤਿਆਂ ਨਾਲ ਵਿਭਾਗ ਦੀ ਸਹਿਮਤੀ ਹੈ।

ਡਾਇਰੈਕਟਰ ਸਪੋਰਟਸ ਪੰਜਾਬ,

No.PA/ASH 51 Dated 09-01-18

Home-3 Branch Dy. No. 202 Date 10.1.18

-231-

ਵਲੋਂ,

ਡਾਇਰੈਕਟਰ ਸਪੋਰਟਸ, ਪੰਜਾਬ,
ਚੰਡੀਗੜ੍ਹ।

ਵੱਲ,

ਸੁਪਰਡੰਟ, ਪੰਜਾਬ ਸਰਕਾਰ,
ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ (ਗ੍ਰਹਿ-3 ਸ਼ਾਖਾ),
ਚੰਡੀਗੜ੍ਹ।

ਯਾਦ ਪੱਤਰ ਨੰ: ਏ.ਡੀ.ਐਸ.-ਡੀ.ਏ.7-2018/1665
ਮਿਤੀ: 08/02/18

ਵਿਸ਼ਾ:- **ਸਪੋਰਟਸ ਪਾਲਿਸੀ 2013 ਵਿੱਚ ਸੋਧ ਕਰਨ ਸਬੰਧੀ ਤਿਆਰ ਕੀਤੇ ਗਏ ਖਰੜੇ ਤੇ ਟਿੱਪਣੀ ਰਾਏ ਲੈਣ ਸਬੰਧੀ।**

ਉਪਰੋਕਤ ਵਿਸ਼ੇ ਤੇ ਆਪ ਦੇ ਪੱਤਰ ਨੰ: 7/315/2012-5ਗ3/ਸਪੈਸ਼ਲ, ਮਿਤੀ 22-01-2018 ਅਤੇ ਮੀਮੋ ਨੰ: 7/315/2012-5ਗ3/288, ਮਿਤੀ 01-02-2018 ਦੇ ਹਵਾਲੇ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਹਵਾਲਾ ਅਧੀਨ ਪੱਤਰਾਂ ਰਾਹੀਂ ਆਪ ਵੱਲੋਂ ਸਪੋਰਟਸ ਪਾਲਿਸੀ 2013 ਵਿੱਚ ਸੋਧ ਕਰਨ ਸਬੰਧੀ ਤਿਆਰ ਕੀਤੇ ਗਏ ਖਰੜੇ ਤੇ ਟਿੱਪਣੀ/ਰਾਏ ਇਸ ਵਿਭਾਗ ਵੱਲੋਂ ਪਹਿਲਾਂ ਹੀ ਪੱਤਰ ਨੰ: ਸਪੋਰਟਸ ਏ.ਡੀ.ਐਸ.-ਡੀ.ਏ.7-17/354, ਮਿਤੀ 05-01-2018 ਰਾਹੀਂ ਭੇਜਦੇ ਹੋਏ ਲਿਖਿਆ ਗਿਆ ਸੀ ਕਿ ਸਪੋਰਟਸ ਪਾਲਿਸੀ 2013 ਵਿੱਚ ਹੋਈ ਸੋਧ ਨਾਲ ਇਸ ਵਿਭਾਗ ਦੀ ਸਹਿਮਤੀ ਹੈ। ਆਪ ਜੀ ਦੀ ਮੁੜ ਜਾਣਕਾਰੀ ਹਿੱਤ ਹੈ ਜੀ।

ਡਿਪਟੀ ਡਾਇਰੈਕਟਰ ਸਪੋਰਟਸ
ਪੰਜਾਬ

No. 239
Dated

Home - 3 Branch
IWDMS No. 8413
Date